# ਐੱਮ. ਬੀ. ਡੀ. ਗਰੁੱਪ ਵਲੋਂ ਪੂਰੇ ਭਾਰਤ 'ਚ 100 'ਦਿ ਚਾਕਲੇਟ ਬਾਕਸ ਐਂਡ ਲਾਊਂਜ' ਖੋਲ੍ਹਣ ਦਾ ਐਲਾਨ



*ਲਾਊਂਜ਼ ਦੇ ਉਦਘਾਟਨ ਮੌਕੇ ਐੱਮ. ਬੀ. ਡੀ. ਗਰੁੱਪ ਦੀ ਚੇਅਰਪਰਸਨ ਸਤੀਸ਼ ਬਾਲਾ ਮਲਹੋਤਰਾ, ਮੋਨਿਕਾ ਮਲਹੋਤਰਾ ਕੰਧਾਰੀ ਅਤੇ ਸੋਨਿਕਾ ਮਲਹੋਤਰਾ, ਸਨੈਕਸ ਦਾ ਆਨੰਦ ਲੈਂਦੀਆਂ ਹੋਈਆਂ ਲੜਕੀਆਂ।* (ਛਾਇਆ)

ਲੁਧਿਆਣਾ, 29 ਅਪ੍ਰੈਲ (ਮੀਨੂੰ)–ਅੱਜ ਹਰ ਖੇਤਰ 'ਚ ਔਰਤਾਂ ਅੱਗੇ ਵਧ ਕੇ ਆਪਣਾ ਝੰਡਾ ਲਹਿਰਾ ਰਹੀਆਂ ਹਨ ਤੇ ਮਰਦਾਂ ਨੂੰ ਬਰਾਬਰ ਦੀ ਟੱਕਰ ਦੇ ਰਹੀਆਂ ਹਨ, ਜੇਕਰ ਗੱਲ ਸਾਡੀ ਐੱਮ. ਬੀ. ਡੀ. ਗਰੁੱਪ ਦੀ ਹੀ ਕਰੀਏ ਤਾਂ ਇਸ ਵਿਚ ਵੀ ਉੱਚ ਅਹੁਦਿਆਂ 'ਤੇ ਜ਼ਿਆਦਾਤਰ ਔਰਤਾਂ ਹੀ ਹਨ ਅਤੇ ਇਹ ਗਰੁੱਪ ਵੀ ਹਮੇਸ਼ਾ ਮਹਿਲਾ ਸਸ਼ਕਤੀਕਰਨ ਨੂੰ ਉਤਸ਼ਾਹ ਦਿੰਦਾ ਆਇਆ ਹੈ। ਅਜਿਹਾ ਕਹਿਣਾ ਹੈ ਐੱਮ. ਬੀ. ਡੀ. ਗਰੁੱਪ ਦੀ ਐੱਮ. ਡੀ. ਮੋਨਿਕਾ ਮਲਹੋਤਰਾ ਕੰਧਾਰੀ ਅਤੇ ਜੇ. ਐੱਮ. ਡੀ. ਸੋਨੀਆ ਮਲਹੋਤਰਾ ਦਾ। ਉਹ ਸ਼ਹਿਰ ਵਿਚ ਐੱਮ. ਬੀ. ਡੀ. ਨਿਓਪੋਲਿਸ ਵਿਚ ਅਨੇਕਾਂ ਪੁਰਸਕਾਰ ਜਿੱਤਣ ਵਾਲੇ ਖਾਣ ਵਾਲੇ ਪਦਾਰਥ ਅਤੇ ਪੇ ਬ੍ਰਾਂਡ 'ਦਿ ਚਾਕਲੇਟ ਬਾਕਸ ਐਂਡ ਲਾਊਂਜ' ਦੀ ਲਾਂਚਿੰਗ ਮੌਕੇ ਪੁੱਜੀ ਹੋਈ ਸੀ। ਐੱਮ. ਬੀ. ਡੀ. ਗਰੁੱਪ ਦੀ ਜੇ. ਐੱਮ. ਡੀ. ਸੋਨਿਕਾ ਮਲਹੋਤਰਾ ਨੇ ਕਿਹਾ ਕਿ ਹਾਈ ਸਟਰੀਟ ਅਤੇ ਲਗਜ਼ਰੀ ਮਾਲਜ਼ ਵਿਚ ਟੀ. ਸੀ. ਬੀ. ਲਾਊਂਜ ਦੇ ਤੇਜ਼ੀ ਨਾਲ ਵਧਦੇ ਵਿਸਤਾਰ ਨੂੰ ਦੇਖਦੇ ਹੋਏ ਉਨ੍ਹਾਂ ਦਾ ਨਿਸ਼ਾਨਾ ਅਗਲੇ 5 ਸਾਲਾਂ ਵਿਚ ਪੂਰੇ ਭਾਰਤ ਵਿਚ 100 ਅਜਿਹੇ ਲਾਊਂਜ ਖੋਲ੍ਹਣ ਦਾ ਹੈ।

ਬੀਤੇ 15 ਸਾਲਾਂ ਤੋਂ 'ਦਿ ਚਾਕਲੇਟ ਬਾਕਸ ਐਂਡ ਲਾਊਂਜ', ਜਿਸ ਨੂੰ ਆਮ ਕਰ ਕੇ ਟੀ. ਸੀ. ਬੀ. ਕਿਹਾ ਜਾਂਦਾ ਹੈ। ਐੱਮ. ਬੀ. ਡੀ. ਗਰੁੱਪ ਦੀ ਮਾਲਕੀ ਵਾਲੇ ਪੰਜ ਤਾਰਾਂ ਹੋਟਲਾਂ 'ਚ ਸੰਚਾਲਨ ਕਰਦਾ ਰਿਹਾ ਹੈ ਅਤੇ ਇਸ ਨੂੰ ਐੱਮ. ਬੀ. ਡੀ. ਗਰੁੱਪ ਦੇ ਸਭ ਤੋਂ ਨਵੇਂ ਬ੍ਰਾਂਡਾਂ 'ਚੋਂ ਇਕ ਮੰਨਿਆ ਜਾਂਦਾ ਹੈ। ਚਾਕਲੇਟ ਬਾਕਸ ਐਂਡ ਲਾਊਂਜ਼ ਵਧੀਆ ਖਾਣ ਵਾਲੇ ਪਦਾਰਥਾਂ ਅਤੇ ਆਪਣੇ ਪਿਆਰਿਆਂ ਨਾਲ ਕੁਆਲਿਟੀ ਟਾਈਮ ਬਤੀਤ ਕਰਨ ਲਈ ਇਕ ਆਦਰਸ਼ ਸਥਾਨ ਹੈ। ਇਸ 'ਚ ਸਿਗਨੇਚਰ ਸਨੈਕਸ ਰੈਪਸ, ਬਰਗਰ, ਚਿਟ ਚੈਟ ਕੰਬੋ, ਸੈਂਡਵਿਚ, ਸਲਾਦ, ਸ਼ੇਕ, ਮੈਕਰੂਨ, ਚਾਕਲੇਟ, ਡਿਜ਼ਾਈਨਰ ਕੇਕ ਅਤੇ ਅਨੇਕਾਂ ਤਾਜ਼ੇ ਮੌਸਮੀ ਉਤਪਾਦ ਸ਼ਾਮਲ ਹਨ। ਚਾਕਲੇਟ ਪਸੰਦ ਕਰਨ ਵਾਲਿਆਂ ਲਈ ਤਾਂ ਇਹ ਜਗ੍ਹਾ ਲਾਜਵਾਬ ਹੈ।

## ਡਿਲੀਸ਼ੀਅਸ ਫੂਡਸ 'ਚ ਪੰਜਾਬੀ ਟੱਚ

ਟੀ. ਸੀ. ਬੀ. 'ਤੇ ਚਿਟ ਚੈਟ ਕੰਬੋ ਹੈ, ਜਿਸ 'ਤੇ ਪੰਜਾਬੀ ਟੱਚ ਦਿੰਦੇ ਹੋਏ ਕੱਪ, ਕੈਟਲ ਅਤੇ ਮੱਗ 'ਤੇ ਪੰਜਾਬ ਦੇ ਗੱਭਰੂ ਅਤੇ ਮੁਟਿਆਰਾਂ ਦੀਆਂ ਤਸਵੀਰਾਂ ਵੀ ਉੱਕਰੀਆਂ ਹਨ। ਇਸ ਕੰਬੋ ਵਿਚ ਗੁੜ ਪਾਰੇ, ਨਮਕ ਪਾਰੇ ਅਤੇ ਕਟਿੰਗ ਚਾਹ ਮੁਹੱਈਆ ਹੈ।

ਇਸ ਮੌਕੇ ਹਾਜ਼ਰ ਸਤੀਸ਼ ਬਾਲਾ ਮਲਹੋਤਰਾ ਤੇ ਚੇਅਰਪਰਸਨ ਐੱਮ. ਬੀ. ਡੀ. ਗਰੁੱਪ ਮੋਨਿਕਾ ਮਲਹੋਤਰਾ ਕੰਧਾਰੀ ਨੇ ਕਿਹਾ ਕਿ ਇਸ ਲਾਊਂਜ਼ ਨੂੰ ਫ੍ਰਾਂਸਿਸੀ ਟੱਚ ਦੇਣ ਦਾ ਯਤਨ ਕੀਤਾ ਹੈ ਤਾਂ ਕਿ ਇਹ ਸਥਾਨ ਆਧੁਨਿਕ ਅਤੇ ਆਕਰਸ਼ਕ ਲੱਗੇ।

ਜਗ ਬਾਣੀ
Tue, 30 April 2019
https://jagbani.epapr.in/c/38972049